भारतीय गैर न्यायिक

एक सौ रुपये Rs. 100

रु. 100 ONE HUNDRED RUPEES

सत्यमेव जयते

भारत INDIA

INDIA NON JUDICIAL

ਪੰਜਾਬ PUNJAB

D 435079

## ਇਕਰਾਰ ਨਾਮਾਂ ਬੈ

ਅਸੀ ਘਨਸਾਮ ਦਾਸ ਪੁੱਤਰ ਕਿਸਨ ਦਾਸ ਪੁੱਤਰ ਨੰਦੂ ਵਾ ਮੋਹਨ ਲਾਲ ਪੁੱਤਰ ਸ੍ਰੀ ਮਨੋਹਰ ਲਾਲ ਪੁੱਤਰ ਕਿਸਨ ਦਾਸ ਵਾ ਵਿਕਰਮ ਕੁਮਾਰ ਵਾ ਸੁਨੀਲ ਕੁਮਾਰ ਪੁੱਤਰਾਨ ਸ੍ਰੀ ਘਨਸਾਮ ਦਾਸ ਪੁੱਤਰ ਕਿਸਨ ਦਾਸ ਵਾਸੀਆਨ ਪਿੰਡ ਲਾਲੜੂ ਮੰਡੀ, ਤਹਿਸੀਲ ਡੇਰਾਬਸੀ, ਜਿਲ੍ਹਾ ਐਸ.ਏ.ਐਸ.ਨਗਰ ਦੇ ਰਹਿਣ ਵਾਲੇ ਹਾਂ ।

ਜੋ ਕਿ 38 ਬਿਘੇ 09 ਬਿਸਵੇ 19 ਬਿਸਵਾਸੀ ਜਮੀਨ ਦਾ ਖਾਤਾ ਨੰ:72/3/226/3 ਦੇ ਨੰਬਰ ਖਸਰਾ:– 1033(3–18) 1034(4–0) ਕਿਤੇ 2 ਤਦਾਦੀ 7 ਬਿਘੇ 18 ਬਿਸਵੇ ਦਾ 2919/3160 ਹਿਸਾ ਬਕਦਰ 7 ਬਿਘੇ 5 ਬਿਸਵੇ 19 ਬਿਸਵਾਸੀ (ਮਾਲਕੀ ਮੋਹਨ ਲਾਲ 790 ਹਿਸੇ ਵਾ ਘਨਸਾਮ ਦਾਸ 790 ਹਿਸੇ ਵਾ ਸੁਨੀਲ ਕੁਮਾਰ 1339 ਹਿਸੇ) ਵਾ ਖਾਤਾ ਨੰ:–47/137 ਤਾ 147 ਦੇ ਨੰਬਰ ਖਸਰਾ:–1020(6–0), 1021(6–0) 1022(4–0) 1023(4–0) 1024(4–0) 1025(3–14) 1026/2(3–10) ਕਿਤੇ 7 ਤਦਾਦੀ 31 ਬਿਘੇ 04 ਬਿਸਵੇ (ਮਾਲਕੀ ਘਨਸਾਮ ਦਾਸ 4503 ਹਿਸੇ ਵਾ ਵਿਕਰਮ ਕੁਮਾਰ 1688 ਹਿਸੇ ਵਾ ਮੋਹਨ ਲਾਲ 6289 ਹਿਸੇ) ਵਾਕਾ ਰਕਬਾ ਪਿੰਡ ਕੌਲੀਮਾਜਰਾ, (ਅੰਦਰੂਨ ਨਗਰ ਕੌਂਸਲ ਲਾਲੜੂ) ਤਹਿਸੀਲ ਡੇਰਾਬਸੀ, ਜਿਲ੍ਹਾ ਐਸ.ਏ.ਐਸ.ਨਗਰ ਬਰੂਏ ਜਮਾਬੰਦੀ 2013–14, ਸਣੇ ਕੁਲ ਹੱਕ ਹਕੂਕ ਹਰ ਕਿਸਮ, ਰਸਤਾ ਪਹੀ ਆਦਿਕ ਦਾ ਸੋਦਾ ਬੈ ਸ੍ਰੀ ਦਰਸਨ ਸਿੰਘ ਪੁੱਤਰ ਸ੍ਰੀ ਬਚਨ ਸਿੰਘ ਵਾਸੀ ਮਕਾਨ ਨੰ:2022, ਫੇਸ–10, ਮੋਹਾਲੀ ਨਾਲ ਅੱਜ ਤਹਿ ਕਰਕੇ ਜਮੀਨ ਵੇਚ ਦਿੱਤੀ ਹੈ। ਕਬਜਾ ਜਮੀਨ ਉਕਤ ਤੇ ਅੱਜ ਹੀ ਮੋਕੇ ਪਰ ਵਾਕਾਈ ਖਰੀਦਦਾਰ ਦਾ ਕਰਾ ਦਿੱਤਾ ਹੈ। ਖਰੀਦਦਾਰ ਜਦੋਂ ਮਰਜੀ ਆਪਣੇ ਖਰਚ ਤੇ ਬਾਇਆਨ ਨੂੰ ਕਹਿ ਕੇ ਰਜਿਸਟਰੀ ਬੈ ਨਾਮਾ ਆਪਣੇ ਨਾਮ ਜਾਂ ਜਿਸ ਦੇ ਨਾਮ ਚਾਹੇ ਖਰੀਦਦਾਰ ਕਰਾ ਸਕਦਾ ਹੈ ਬਾਇਆਨ ਦਾ ਕੋਈ ਉਜਰ ਨਹੀ ਹੋਵੇਗਾ। ਜੇਕਰ ਹਸਬ ਵਾਧਾ ਖਰੀਦਦਾਰ ਦੇ ਬਾਇਆ ਰਜਿਸਟਰੀ ਬੈ ਨਾਮਾ ਮੁਕੰਮਲ ਨਾ ਕਰਾਵੇ ਤਾਂ

ਖਰੀਦਦਾਰ ਦਾਵਾ ਤਕਮੀਲ ਮੁਆਦਾ ਕਰਕੇ ਰਜਿਸਟਰੀ ਬੈ ਨਾਮਾ ਅਦਾਲਤ ਰਾਹੀ ਆਪਣੇ ਨਾਮ ਜਾਂ ਜਿਸ ਦੇ ਨਾਮ ਚਾਹੇ ਕਰਾ ਸਕਦਾ ਹੈ ਬਾਇਆ ਦਾ ਕੋਈ ਉਜਰ ਨਹੀ ਹੋਵੇਗਾ। ਸੋਦਾ ਬੈ ਵਾਲੀ ਜਮੀਨ ਉਕਤ ਹਰ ਕਿਸਮ ਦੇ ਪੁਰਾਣੇ ਝਗੜੇ ਵਾ ਲੈਂਡ ਸੀਲਿੰਗ ਐਕਟ ਤੋਂ ਬਾਹਰ ਹੈ ਫਿਰ ਵੀ ਰਜਿਸਟਰੀ ਬੈ ਨਾਮਾ ਕਰਾਉਣ ਵੇਲੇ ਕੋਈ ਔਕੜ ਆਵੇ ਤਾਂ ਉਸ ਨੂੰ ਬਾਇਆਨ ਆਪਣੇ ਖਰਚ ਤੇ ਦੂਰ ਕਰਨ ਦੇ ਪਾਬੰਦ ਰਹਿਣਗੇ। ਇਸ ਸੋਦਾ ਦੇ ਬਾਇਆਨ ਤੇ ਖਰੀਦਦਾਰ ਦੇ ਵਾਰਸਾਨ ਵੀ ਪਾਬੰਦ ਰਹਿਣਗੇ। ਬਾਇਆਨ ਨੇ ਇਸ ਜਮੀਨ ਦਾ ਇਸ ਬਿਆਨਾ ਤੋਂ ਪਹਿਲਾਂ ਹੋਰ ਕੋਈ ਲਿਖਤੀ ਜਾਂ ਜੁਬਾਨੀ ਬਿਆਨਾ ਨਹੀ ਕੀਤਾ ਹੋਇਆ। ਖਰੀਦਦਾਰ ਅੱਗੇ ਇਸ ਜਮੀਨ ਉਕਤ ਦਾ ਜਿਸ ਦਾ ਨਾਮ ਚਾਹੇ ਬੈ ਦਾ ਬਿਆਨਾ ਕਰ ਸਕਦਾ ਹੈ। ਖਰੀਦਦਾਰ ਆਪਣੇ ਦਸਤਖਤਾਂ ਅਧੀਨ ਇਸ ਜਮੀਨ ਵਿੱਚ ਕਲੋਨੀ ਸਬੰਧਤ ਮਹਿਕਮੇ ਤੋ ਪਾਸ ਕਰਾਵੇ, ਬਿਜਲੀ ਕੁਨੈਕਸਨ, ਪਾਣੀ ਕੁਨੈਕਸਨ ਲਵੇ, ਸੀਵਰੇਜ ਕੁਨੈਕਸਲ ਲਵੇ, ਨਗਰ ਕੌਂਸਲ ਲਾਲੜੂ ਤੋਂ ਨਕਸੇ ਪਾਸ ਕਰਾਵੇ, ਕਲੋਨੀ ਨੂੰ ਪਾਸ ਕਰਾਉਣ ਸਬੰਧੀ ਹਰ ਤਰ੍ਹਾਂ ਦੀ ਕਾਰਵਾਈ ਕਰੇ, ਖਰੀਦਦਾਰ ਜਿਸ ਦੇ ਨਾਮ ਚਾਹੇ ਰਜਿਸਟਰੀ ਬੈ ਨਾਮਾ ਕਰਾ ਸਕਦਾ ਹੈ ਬਾਇਆ ਦਾ ਕੋਈ ਉਜਰ ਨਹੀ ਹੋਵੇਗਾ। ਲਿਹਾਜਾ ਇਕਰਾਰ ਨਾਮਾ ਸੋਦਾ ਬੈ ਜਮੀਨ ਉਕਤ ਸੁੱਧ–ਬੁੱਧ ਨਾਲ ਲਿੱਖ ਦਿੱਤਾ, ਸੁਣ ਲਿਆ, ਸਮਝ ਲਿਆ, ਦਰੁਸਤ ਕਬੂਲ ਵਾ ਮੰਨਜੂਰ ਹੈ ਮਿਤੀ:–09–10–2017

ਗਵਾਹ:–ਸਵਰਨ ਸਿੰਘ ਪੁੱਤਰ ਸ੍ਰੀ ਰਾਮਜੀ ਦਾਸ ਵਾਸੀ, ਟਿਵਾਣਾ, ਤਹਿਸੀਲ ਡੇਰਾਬਸੀ।

ਘਨਸਾਮ ਦਾਸ, ਮੋਹਨ ਲਾਲ,

ਵਿਕਰਮ ਕੁਮਾਰ, ਸੁਨੀਲ ਕੁਮਾਰ
ਬਾਇਆਨ

ਗਵਾਹ:–

ਖਰੀਦਦਾਰ:– ਦਰਸਨ ਸਿੰਘ